# êÜÅìÆ ÕÌî çÆ ÀÃÅðÆ: ÇòðÃ Áå òðåîÅé ç ð-ì-ð

**ਡਾ. ਸੁਖਪਾਲ ਸਿੰਘ ਥਿੰਦ, ਸਰਕਾਰੀ ਕਾਲਜ, ਕਪੂਰਥਲਾ**

'ਪੰਜਾਬੀ ਕੌਮ ਦੀ ਉਸਾਰੀ' ਦਾ ਵਾਕੰਸ਼ ਬੋਲਣ ਦੀ ਦੇਰ ਹੁੰਦੀ ਹੈ ਕਿ ਸੁਣਨ ਵਾਲਾ ਗਹੁ ਨਾਲ ਬੋਲਣ ਵਾਲੇ ਦੇ ਚਿਹਰੇ ਨੂੰ ਘੋਖਦਾ ਹੈ। ਇਵੇਂ ਜਿਵੇਂ ਕਹਿਣ ਵਾਲੇ ਨੇ ਕੋਈ ਅਲੋਕਾਰੀ ਗੱਲ ਕਹਿ ਦਿੱਤੀ ਹੋਵੇ। ਪ੍ਰਤੀਕਰਮ ਵੀ ਬੜੇ ਦਿਲਚਸਪ ਹੁੰਦੇ ਹਨ। ਕੋਈ ਕਹਿੰਦਾ ਹੈ "ਛੱਡੋ ਜੀ, ਏਨ੍ਹਾਂ ਗੱਲਾਂ ਨੇ ਪੰਜਾਬ 'ਚ ਅੱਗੇ ਹੀ ਬੜੇ ਸਿਆਪੇ ਪਾਏ ਨੇ। ਦੋ ਦਹਾਕੇ ਪਹਿਲਾਂ ਖ਼ੂਨ ਦੀਆਂ ਖੇਡੀਆਂ ਹੋਲੀਆਂ ਭੁੱਲ ਗਏ ਹੋ ? ਸਿੱਖਾਂ ਹਿੰਦੂਆਂ ਦਾ ਥੋੜ੍ਹਾ ਘਾਣ ਹੋਇਐ ? ਸਿੱਖ ਕੌਮ ਦੀ ਗੱਲ 'ਚੋਂ ਕੀ ਨਿਕਲਿਐ। ਸਿਰਫ਼ ਪੰਜਾਬ ਦਾ ਸੰਤਾਪ।" ਅਗਲਾ ਆਪ ਹੀ ਪ੍ਰਸ਼ਨ ਕਰਕੇ ਆਪੇ ਹੀ ਜੁਆਬ ਦੇ ਕੇ ਬੋਲਣ ਵਾਲੇ ਦੇ ਮੂੰਹ ਖੋਲ੍ਹਣ ਤੋਂ ਪਹਿਲਾਂ ਹੀ 'ਛੱਡੋ ਜੀ! ਛੱਡੋ ਜੀ' ਕਹਿੰਦਾ ਮੋਬਾਈਲ ਫੋਨ ਦੇ ਬਟਨਾਂ ਨਾਲ ਖੇਡਦਾ ਆਪਣੇ ਸੰਸਾਰ ਵਿਚ ਮਸਤ ਹੋ ਜਾਂਦਾ ਹੈ। ਕਿਸੇ ਹੋਰ ਸਿਆਣੇ ਪੰਜਾਬੀ ਨਾਲ ਇਹ ਬਾਤ ਪਾਓ ਤਾਂ ਉਹ ਇਤਿਹਾਸ ਦੇ ਪਨ੍ਹੇ ਫਰੋਲਦਿਆਂ ਉਧੇੜਬੁਣ ਵਿਚ ਪੈਂਦਾ ਕਹਿੰਦਾ ਹੈ।

"ਪੰਜਾਬੀ ਕੌਮ ? ਕਦੋਂ ਸੀ ਇਹ ਕੌਮ। ਇਥੇ ਤਾਂ ਸਿੱਖ, ਹਿੰਦੂ ਜਾਂ ਮੁਸਲਮਾਨ ਵੱਸਦੇ ਆ। ਐਵੇਂ ਉੱਪਰ ਦੀ ਪੋਚਾ-ਪਾਚੀ ਆ, ਵਿਚੋਂ ਸਭ ਫਿਰਕਿਆਂ ਵਿਚ ਵੰਡੇ ਹੋਏ ਨੇ।"

ਸ਼ਹਿਰ ਦੀ ਕਿਸੇ ਦਲਿਤ ਬਸਤੀ ਵਿਚ ਕਿਸੇ ਨੌਜਵਾਨ ਨਾਲ ਇਹ ਗੱਲ ਛੇੜੋ ਤਾਂ ਬੜੇ ਗੁੱਸੇ 'ਚ ਜੁਆਬ ਮਿਲਦਾ ਹੈ :

"ਤੁਹਾਡੀ ਹੋਊ ਪੰਜਾਬੀ ਕੌਮ। ਸਾਨੂੰ ਤੁਸੀਂ ਕਦੋਂ ਮੰਨਿਆ ਆਪਣਾ ਹਿੱਸਾ। ਸਾਡੀ ਝੋਲੀ ਤਾਂ ਸਦੀਆਂ ਤੋਂ ਗਰੀਬੀ ਤੇ ਜਲਾਲਤ ਹੀ ਪਈ ਹੈ। ਹੁਣ ਸਾਡੀ ਆਪਣੀ ਕੌਮੀਅਤ ਉੱਸਰੂ।"

ਅਸਲ ਵਿਚ ਪੰਜਾਬ ਦੀਆਂ ਉਪਰੋਕਤ ਹਿੱਕ ਪਾੜਵੀਆਂ ਸਚਾਈਆਂ ਕਾਰਣ 'ਪੰਜਾਬੀ ਕੌਮ ਦੀ ਉਸਾਰੀ' ਦਾ ਸੁਆਲ ਜਾਂ ਤਾਂ ਹੁਣ ਤੱਕ ਮਿੱਟੀ ਘੱਟੇ ਰੁਲਦਾ ਰਿਹਾ ਹੈ ਅਤੇ ਜਾਂ ਇਸ ਬਾਰੇ ਖਾਮੋਸ਼ ਰਹਿਣਾ ਹੀ ਅਜੋਕੇ ਮੱਧਵਰਗੀ ਜੀਵ ਨੂੰ ਉਚਿਤ ਜਾਪਿਆ ਹੈ। ਕੌਮਾਂ ਦੀ ਉਸਾਰੀ ਦਾ ਸੁਆਲ ਯੂਰਪ ਵਾਲਿਆਂ ਭਾਵੇਂ ਢਾਈ ਤਿਨ ਸਦੀਆਂ ਪਹਿਲਾਂ ਹੀ ਨਜਿੱਠ ਲਿਆ ਸੀ ਪਰ ਪੰਜਾਬ ਦੇ ਪ੍ਰਸੰਗ ਵਿਚ ਇਹ ਅੱਜ ਤੱਕ ਵੀ ਇਕ ਅਣਸੁਲਝੀ ਤਾਣੀ ਵਾਂਗ ਉਲਝਿਆ ਪਿਆ ਹੈ।

ਸਮਾਜਵਾਦੀ ਦੇਸਾਂ ਵਿਚ ਇਸ ਮਸਲੇ 'ਤੇ ਵੀਹਵੀਂ ਸਦੀ ਦੇ ਪਹਿਲੇ ਅੱਧ ਵਿਚ ਚੰਗੀ ਬਹਿਸ ਭਖੀ ਰਹੀ। ਇਸ ਤੋਂ ਬਾਅਦ ਕੌਮ ਨੂੰ ਪਰਿਭਾਸ਼ਿਤ ਕਰਦਿਆਂ ਕਿਹਾ ਗਿਆ ਕਿ "ਕੌਮ ਉਹ ਹੈ ਜਿਸਦਾ ਆਪਣਾ ਭੂਗੋਲਿਕ ਖਿੱਤਾ, ਆਪਣੀ ਇਕ ਭਾਸ਼ਾ, ਸਭਿਆਚਾਰ, ਆਰਥਿਕ ਜੀਵਨ ਅਤੇ ਆਪਣੀ ਪ੍ਰਭੂਸੱਤਾ ਹੋਵੇ।" ਇਨ੍ਹਾਂ ਉਪਰੋਕਤ ਤੱਤਾਂ ਵਿਚੋਂ ਕਿਸੇ ਇਕ ਤੱਤ ਦੀ ਅਣਹੋਂਦ ਵਿਚ ਵੀ ਕੌਮ ਦੇ ਸੁਆਲ ਸਾਹਮਣੇ ਸੁਆਲੀਆ ਚਿੰਨ੍ਹ ਲੱਗ ਜਾਂਦਾ ਹੈ।

ਪੰਜਾਬ ਵਿਚ ਕੌਮ ਦਾ ਸੁਆਲ ਇਥੋਂ ਦੀਆਂ ਵਿਸ਼ੇਸ਼ ਇਤਿਹਾਸਕ ਸਥਿਤੀਆਂ ਕਾਰਨ ਯੂਰਪ ਵਿਚਲੇ ਕੌਮ ਦੇ ਸੁਆਲ ਤੋਂ ਵੱਖਰੀ ਤਾਸੀਰ ਦਾ ਧਾਰਨੀ ਹੈ। ਇਤਿਹਾਸ ਗਵਾਹ ਹੈ ਕਿ ਪੰਜਾਬ ਸਦਾ ਹੀ ਜੰਗਾਂ, ਯੁੱਧਾਂ ਦਾ ਅਖਾੜਾ ਰਿਹਾ ਹੈ। ਇਸ ਨੂੰ ਭਾਰਤ ਦੇ ਸ਼ਮਸ਼ੀਰ ਵਾਲੇ ਹੱਥ ਹੋਣ ਦਾ ਮਾਣ ਪ੍ਰਾਪਤ ਰਿਹਾ ਹੈ। ਪੰਜਾਬ ਦੀ ਇਸ ਭੂਗੋਲਿਕ ਸਥਿਤੀ ਕਾਰਨ ਧਾੜਵੀਆਂ ਦੇ ਹਮਲਿਆਂ ਨਾਲ ਪੰਜਾਬ ਢੱਠਦਾ ਅਤੇ ਮੁੜ ਮੁੜ ਉੱਸਰਦਾ ਰਿਹਾ ਹੈ। ਧਾੜਵੀਆਂ ਦੇ ਹਮਲਿਆਂ ਨੂੰ ਇਕ ਪਾਸੇ ਜੇ ਊਰਜਾ ਧਰਮ ਤੋਂ ਮਿਲਦੀ ਸੀ ਤਾਂ ਦੂਜੇ ਪਾਸੇ ਇਸਦਾ ਵਿਰੋਧ

ਕਰਨ ਵਾਲਿਆਂ ਨੂੰ ਵੀ ਓਟ ਆਸਰਾ ਧਰਮ ਤੋਂ ਹੀ ਮਿਲਦਾ ਸੀ। ਇਸ ਲਈ ਪੰਜਾਬ ਧਰਮਾਂ ਦੀ ਸਿਆਸਤ ਦੀ ਟਕਰਾਅ ਭੂਮੀ ਵੀ ਬਣਿਆ ਰਿਹਾ। ਪਰ ਲੋਕਾਈ ਦਾ ਵੱਡਾ ਹਿੱਸਾ ਹਮੇਸ਼ਾਂ ਇਸ ਜਬਰਨ ਠੋਸੀ ਸਥਿਤੀ ਨੂੰ ਭੋਗਣ ਲਈ ਲਾਚਾਰ ਹੁੰਦਾ ਹੈ। ਇਸ ਵਿਚ ਉਸਦੀ ਮਰਜ਼ੀ ਸ਼ਾਮਲ ਨਹੀਂ ਹੁੰਦੀ। ਧਾੜਵੀ ਆਏ! ਇਲਾਕੇ ਜਿੱਤੇ ਅਤੇ ਇਥੇ ਹੀ ਵਸ ਗਏ! ਉਨ੍ਹਾਂ ਨਾਲ ਆਈ ਆਮ ਲੋਕਾਈ ਇਥੋਂ ਦੀ ਰਹਿਤਲ ਨਾਲ ਇਕ ਮਿਕ ਹੋ ਗਈ। ਉਨ੍ਹਾਂ ਨੇ ਇਥੋਂ ਦੀ ਭਾਸ਼ਾ ਨੂੰ ਅਪਣਾਉਂਦਿਆਂ ਇਸ ਨੂੰ ਆਪਣੇ ਵਿਰਸੇ ਦੀ ਵਿਰਾਸਤ ਨਾਲ ਮਾਲਾ-ਮਾਲ ਵੀ ਕੀਤਾ। ਭਾਸ਼ਾ ਆਸਰੇ ਸੰਪਰਕ ਉਸਰੇ, ਰਿਸ਼ਤੇ ਬਣੇ, ਜਿਹੜੇ ਸਦੀਵੀ ਸਮਝਾਂ ਵਿਚ ਢਲੇ। ਪੰਜਾਬ ਸਮੁੱਚੀ ਭਾਰਤੀ ਦਾਰਸ਼ਨਿਕ ਪਰੰਪਰਾ ਨਾਲ ਸੰਵਾਦ ਦੀ ਸਥਿਤੀ ਬਣਾਉਂਦਿਆਂ ਆਪਣੀ ਧਰਤੀ ਦਾ ਧਰਮ ਭਾਵ ਸਿੱਖ ਧਰਮ ਸਿਰਜਦਾ ਹੈ। ਇਵੇਂ ਪੰਜਾਬ ਹਿੰਦੂ ਧਰਮ, ਸਿੱਖ ਧਰਮ ਅਤੇ ਇਸਲਾਮ ਧਰਮ ਦੀ ਆਪਸੀ ਸੰਵਾਦ ਸਥਿਤੀ ਵਿਚ ਮਿਸ਼ਰਤ ਸਭਿਆਚਾਰ ਦੇ ਉੱਸਰਨ ਲਈ ਜ਼ਰਖੇਜ਼ ਧਰਤੀ ਹੋ ਨਿੱਬੜਿਆ। ਇਸ ਸਭਿਆਚਾਰ ਨੇ ਹੀ ਅੱਗੇ ਜਾ ਕੇ ਪੰਜਾਬੀ ਕੌਮ ਦੇ ਘਣਛਾਵੇਂ ਬੂਟੇ ਵਿਚ ਤਬਦੀਲ ਹੋਣਾ ਸੀ।

ਪਰ ਪੰਜਾਬ ਦੀਆਂ ਇਤਿਹਾਸਕ ਸਥਿਤੀਆਂ ਇਸ ਨੂੰ ਉਹ ਨਿੱਗਰ ਆਧਾਰ ਨਹੀਂ ਦੇ ਸਕੀਆਂ ਜਿਸ ਵਿਚ ਇਹ ਬੂਟਾ ਆਪਣੀਆਂ ਡੂੰਘੀਆਂ ਜੜ੍ਹਾਂ ਫੜ ਲੈਂਦਾ। ਪਹਿਲੀ ਵਾਰ ਰਣਜੀਤ ਸਿੰਘ ਦੇ ਰਾਜ ਸਥਾਪਤ ਹੋਣ ਨਾਲ ਇਹ ਬੂਟਾ ਕੁਝ ਮੌਲਿਆ ਪਰ ਅੰਗਰੇਜ਼ੀ ਰਾਜ ਦੇ ਝੱਖੜ ਅੱਗੇ ਇਸੇ ਦੇ ਟਾਹਣ ਟੁੱਟਣੇ ਸ਼ੁਰੂ ਹੋ ਗਏ। ਬਸਤੀਵਾਦੀਆਂ ਨੂੰ ਤਾਂ ਅਗੇ ਹੀ ਆਪਣੇ ਰਾਜ ਦੀਆਂ ਜੜ੍ਹਾਂ ਪੱਕੀਆਂ ਕਰਨ ਲਈ ਪੰਜਾਬੀ ਕੌਮ ਦੀਆਂ ਜੜ੍ਹਾਂ ਵਿਚ ਤੇਲ ਦੇਣ ਦੀ ਜਰੂਰਤ ਸੀ। ਚਲਾਕ ਹਾਕਮਾਂ ਨੇ ਜਲਦੀ ਹੀ ਭਾਂਪ ਲਿਆ ਕਿ ਪੰਜਾਬੀ ਕੌਮ ਦੇ ਬੂਟੇ ਦੀਆਂ ਲਗਰਾਂ ਵੱਖ ਵੱਖ ਧਰਮਾਂ ਦੀ ਖਾਦ ਖੁਰਾਕ ਲੈ ਕੇ ਵਧ ਫੁੱਲ ਰਹੀਆਂ ਹਨ। ਉਨ੍ਹਾਂ ਧਰਮਾਂ ਦੀ ਇਕਸੁਰਤਾ ਦੀ ਤਾਲ ਨੂੰ ਬੇਤਾਲ ਕਰਕੇ ਸ਼ੋਰ-ਸ਼ਰਾਬੇ ਦਾ ਅਜਿਹਾ ਬੇਸੁਰਾ ਰਾਗ ਛੇੜਿਆ ਕਿ ਪੰਜਾਬੀ ਕੌਮ ਦੀ ਗੱਲ ਹੀ ਖਰੂਦੀ ਧੌਂਰੂ ਵਿਚ ਲਪੇਟੀ ਗਈ। ਇਸ ਅੰਸ਼ਕ ਸੱਚ ਨੂੰ ਸਮੁੱਚਾ ਸੱਚ ਬਣਾ ਦਿੱਤਾ ਗਿਆ ਕਿ ਪੰਜਾਬ ਵਿਚ ਕੋਈ ਪੰਜਾਬੀ ਕੌਮ ਨਹੀਂ ਹੈ, ਇਥੇ ਸਿਰਫ਼ ਵੱਖ ਵੱਖ ਧਰਮਾਂ ਅਤੇ ਮਜ਼ਹਬੀ ਫਿਰਕਿਆਂ ਦੇ ਲੋਕ ਹਨ। ਇਨ੍ਹਾਂ ਬੀਜੇ ਕੰਡਿਆਂ ਨੇ ਪੰਜਾਬੀਆਂ ਨੂੰ ਸੰਤਾਲੀ ਵਿਚ ਲਹੂ-ਲੁਹਾਨ ਕੀਤਾ ਤੇ ਇਸਦੇ ਜ਼ਖ਼ਮਾਂ ਵਿਚੋਂ ਅੱਜ ਤੱਕ ਖ਼ੂਨ ਟਪਕਦਾ ਹੈ। ਅਜੇ ਵੀ ਪਤਾ ਨਹੀਂ ਚੱਲ ਰਿਹਾ ਕਿ ਮਲ੍ਹਮ ਕਦੋਂ ਮਿਲੇਗੀ।

ਪਰ ਇਹ ਇਤਿਹਾਸਕ ਸਥਿਤੀ ਬਸਤੀਵਾਦੀਆਂ ਵੱਲੋਂ ਠੋਸੀ ਸਥਿਤੀ ਸੀ। ਇਸ ਦੇ ਨਾਲ ਨਾਲ ਹੀ ਇਕ ਧਾਰਾ ਉਹ ਵੀ ਸੀ ਜਿਸ ਵਿਚ ਫਰੀਦ ਬਾਣੀ ਬਿਨਾ ਗੁਰੂ ਗ੍ਰੰਥ ਸਾਹਿਬ ਅਧੂਰਾ ਸੀ, ਮਰਦਾਨੇ ਦੀ ਰਬਾਬ ਬਿਨਾ ਨਾਨਕ ਗੁਰੂ ਨਾਨਕ ਨਹੀਂ ਸੀ। ਸੁਲਤਾਨ ਬਾਹੂ ਅਤੇ ਬੁੱਲ੍ਹੇਸ਼ਾਹ ਦੇ ਕ੍ਰਾਂਤੀਕਾਰੀ ਬੋਲਾਂ ਬਿਨਾ ਪੰਜਾਬ ਜਹਾਲਤ ਨਾਲ ਘਿਰਿਆ ਹੋਇਆ ਸੀ। ਵਾਰਿਸ ਦੀ ਹੀਰ ਹਰ ਪਿੰਡ ਦੀ ਸੱਥ ਦੀ ਧੜਕਣ ਸੀ। ਇਹ ਆਮ ਲੋਕਾਈ ਦੀ ਧਾਰਾ ਸੀ। ਪੰਜਾਬੀ ਕੌਮ ਦੀ ਧਾਰਾ ਸੀ। ਇਸ ਧਾਰਾ ਦਾ ਸਭ ਕੁੱਝ ਸਾਂਝਾ ਸੀ। ਇਨ੍ਹਾਂ ਦਾ ਖਿੱਤਾ, ਬੋਲੀ, ਸਭਿਆਚਾਰ ਅਤੇ ਆਰਥਿਕ ਸਥਿਤੀ ਸਾਂਝੀ ਸੀ। ਜੇ ਕੋਈ ਕਮੀ ਸੀ ਤਾਂ ਉਹ ਸੀ ਆਪਣੀ ਪ੍ਰਭੂਸੱਤਾ ਦੀ। ਇਸ ਇਕ ਤੱਤ ਦੀ ਅਣਹੋਂਦ ਨੇ ਪੰਜਾਬੀ ਕੌਮ ਨੂੰ ਬਾਰ ਬਾਰ ਲਹੂ-ਲੁਹਾਨ ਕੀਤਾ ਹੈ ਅਤੇ ਇਤਿਹਾਸ ਦੀ ਉਲਟ ਗਤੀ ਵੱਲ ਤੋਰਿਆ ਹੈ। ਇਸ ਉਲਟ ਗਤੀ ਵਿਚ ਹੀ ਪੰਜਾਬ ਕਦੇ ਸੰਤਾਲੀ 'ਚ ਵੰਡ ਹੁੰਦਾ ਹੈ ਅਤੇ ਕਦੇ 1966 ਵਿਚ ਤਿੰਨ ਟੋਟਿਆਂ ਵਿਚ ਟੁੱਟਦਾ ਹੈ। ਇਤਿਹਾਸਕ ਤੱਤਾਂ ਦੀ ਇਸੇ ਭੁੱਲ ਭੁਲੱਈਆ ਭਰੀ ਖੇਡ ਵਿਚ ਅਠਵੇਂ ਅਤੇ ਨੌਂਵੇਂ ਦਹਾਕੇ ਵਿਚ "ਪੰਜਾਬੀ ਕੌਮ" ਦਾ ਸੁਆਲ ਸਿਰਫ "ਸਿੱਖ ਕੌਮ" ਦੇ ਦਾਇਰਿਆਂ ਦੀ ਪਰਿਕਰਮਾ ਕਰਨ ਲੱਗ ਪੈਂਦਾ ਹੈ। ਪੰਜਾਬੀ ਕੌਮ ਨੇ ਇਕ ਬਾਂਹ 47 ਵਿਚ ਤੁੜਵਾਈ ਸੀ ਅਤੇ ਦੂਜੀ ਨੂੰ ਅੱਠਵੇਂ ਅਤੇ ਨੌਂਵੇਂ ਦਹਾਕੇ ਵਿਚ ਲਹੂ-ਲੁਹਾਨ ਕਰਵਾਉਂਦੀ ਹੈ।

ਵਿਰਸੇ ਦੀ ਇਸ ਲੀਹੋਂ ਭਟਕੀ ਤੋਰ ਕਾਰਨ ਹੀ ਕੌਮ ਦੇ ਪ੍ਰਸ਼ਨ ਦੇ ਛਿੜਦਿਆਂ ਹੀ ਭਰਮ ਭੁਲੇਖਿਆਂ ਦੀ ਇਕ ਅਟੁੱਟ ਲੜੀ ਸ਼ੁਰੂ ਹੋ ਜਾਂਦੀ ਹੈ। ਕਿਸੇ ਨੂੰ ਇਹ ਰਾਸ਼ਟਰੀ ਏਕਤਾ ਅਤੇ ਅਖੰਡਤਾ ਲਈ ਖਤਰਾ ਜਾਪਦੀ ਹੈ। ਅਜਿਹੀ ਧਿਰ ਨੂੰ ਇਹ ਸੁਆਲ ਹੀ ਵੱਖਵਾਦੀ ਰੂਹ ਨਾਲ ਭਰਿਆ ਜਾਪਦਾ ਹੈ। ਕਿਸੇ ਹੋਰ ਨਿਰਾਸ਼ਾ ਦੇ ਮਾਰੇ ਜਾਂ ਸਥਿਤੀਆਂ ਨੂੰ ਭੈਂਗੀ ਅੱਖ ਨਾਲ ਵੇਖਣ ਵਾਲੇ ਨੂੰ 'ਪੰਜਾਬੀ ਕੌਮ' ਜਿਹੀ ਕਿਸੇ ਇਤਿਹਾਸਕ ਹਸਤੀ ਦੀ ਮੌਜੂਦਗੀ ਬਾਰੇ ਹੀ ਸੰਦੇਹ ਜਾਪਣ ਲਗਦਾ ਹੈ। ਪੱਛਮ ਦੀ ਚਕਾਚੌਂਧ ਦੇ ਤਿਲਸਮੀ ਜਾਲ ਵਿਚ ਫਸੇ ਕਿਸੇ ਹੋਰ ਪਿਆਰੇ ਨੂੰ ਸੰਸਾਰੀਕਰਨ ਦੇ ਦੌਰ ਵਿਚ ਸਥਾਨਕਤਾ ਨਾਲ ਸੰਬੰਧਿਤ ਅਜਿਹੀਆਂ ਗੱਲਾਂ ਕਰਨੀਆਂ ਵਕਤ ਤੋਂ ਪਛੜੀਆਂ ਹੋਈਆਂ ਜਾਪਦੀਆਂ ਹਨ। ਜਾਤੀ ਰਾਜਨੀਤੀ ਦੇ ਧਰੁਵੀਕਰਣ ਦੇ ਤਾਜ਼ਾ ਤਾਜ਼ਾ ਸ਼ਿਕਾਰ ਹੋਏ ਕਿਸੇ ਦਲਿਤ ਬਸਤੀ ਦੇ ਬਸ਼ਿੰਦੇ ਨੂੰ ਪੰਜਾਬੀ ਕੌਮ ਦੀ ਬਜਾਇ 'ਦਲਿਤ ਕੌਮ' ਦਾ ਸੋਨ ਮਿਰਗ ਭਰਮਾਉਣ ਲੱਗ ਪੈਂਦਾ ਹੈ।

ਵਰਤਮਾਨ ਵਿਚ ਪੰਜਾਬੀ ਕੌਮ ਦੇ ਸੁਆਲ ਨੂੰ ਮੁਖ਼ਾਤਬ ਹੋਣ ਲੱਗਿਆਂ ਸਾਨੂੰ ਪੰਜਾਬ ਦੀਆਂ ਨਿਵੇਕਲੀਆਂ ਇਤਿਹਾਸਕ ਸਥਿਤੀਆਂ ਦੀ ਸੂਝ ਅਤੇ ਇਨ੍ਹਾਂ ਸਭ ਭਰਮ ਭੁਲੇਖਿਆਂ ਦੇ ਚੱਕਰਵਿਊ ਤੋਂ ਬਾਹਰ ਆਉਣਾ ਹੋਵੇਗਾ। ਸਾਨੂੰ ਇਸ ਇਤਿਹਾਸਕ ਸਥਿਤੀ ਨੂੰ ਮੰਨਣ ਤੋਂ ਸੰਕੋਚ ਨਹੀਂ ਕਰਨਾ ਚਾਹੀਦਾ ਕਿ ਧਰਮਾਂ ਨੂੰ ਸਿਆਸਤ ਵੱਲੋਂ ਆਪਣੇ ਸਾਮਰਾਜਵਾਦੀ ਮਨਸੂਬਿਆਂ ਨੂੰ ਫੈਲਾਉਣ ਲਈ ਵਰਤਿਆ ਜਾਂਦਾ ਰਿਹਾ ਹੈ। ਪੰਜਾਬ ਵੀ ਇਸ ਰਾਜਨੀਤੀ ਦਾ ਸ਼ਿਕਾਰ ਰਿਹਾ ਹੈ। ਧਰਮਾਂ ਦੇ ਟਕਰਾਅ ਦੀ ਗੱਲ ਨੂੰ ਲਿੱਪਾਪੋਚੀ ਨਾਲ ਢਕਿਆ ਨਹੀਂ ਜਾ ਸਕਦਾ। ਪੰਜਾਬੀ ਭਾਈਚਾਰੇ ਦੀਆਂ ਜਾਤੀ ਅਤੇ ਜਮਾਤੀ ਟਕਰਾਵਾਂ ਦੀ ਆਪਣੀ ਵੱਖਰੀ ਕਹਾਣੀ ਹੈ। ਇਹਨਾਂ ਕੋਹੜਾ ਦਾ ਇਲਾਜ ਸਿਆਣੇ ਸਰਜਨ ਦੀ ਸੂਝ ਨਾਲ ਹੀ ਹੋ ਸਕਣਾ ਹੈ।

ਵਰਤਮਾਨ ਵਿਚ ਪੰਜਾਬੀ ਕੌਮ ਦੀ ਜਦ ਬਾਤ ਪਾਉਂਦੇ ਹਾਂ ਤਾਂ ਕੁਝ ਇਕ ਪ੍ਰਸ਼ਨ ਆਪਣੇ ਆਪ ਹੀ ਖੜ੍ਹੇ ਹੋ ਜਾਂਦੇ ਹਨ। ਪੁੱਛਣ ਵਾਲਾ ਪੁੱਛਦਾ ਹੈ ਕਿ 'ਪੰਜਾਬੀ ਕੌਮ' ਦੇ ਮਹਾਂ ਸੰਕਲਪ ਥੱਲੇ ਕੀ ਕੌਮ ਅੰਦਰਲੀਆਂ ਜਾਤੀ ਅਤੇ ਜਮਾਤੀ ਦਰਜੇਬੰਦੀਆਂ ਰੱਦ ਹੋਈਆਂ ਸਮਝੀਆਂ ਜਾਣਗੀਆਂ ? ਕੀ ਦਲਿਤ ਪੰਜਾਬੀ ਨਾਲ ਵਧੀਕੀਆਂ ਦਾ ਸਿਲਸਿਲਾ ਰੁਕ ਜਾਵੇਗਾ ? ਕੌਮ ਅੰਦਰਲੀਆਂ ਘੱਟ ਗਿਣਤੀਆਂ ਦੀ ਰਖਵਾਲੀ ਕਿਵੇਂ ਹੋਵੇਗੀ ? ਧਾਰਮਿਕ ਵਿਲੱਖਣਤਾ ਅਤੇ ਸਭਿਆਚਾਰਕ ਸਾਂਝ ਦੇ ਸੂਤਰ ਇਕੱਠੇ ਕਿਵੇਂ ਨਿਭਣਗੇ ? ਕੀ ਇਹ ਸਭ ਪਹਿਲਾਂ ਤੋਂ ਉਲਝੀ ਤਾਣੀ ਨੂੰ ਹੋਰ ਤਾਂ ਨਹੀਂ ਉਲਝਾ ਦੇਵੇਗਾ ?

ਸਭ ਤੋਂ ਪਹਿਲਾਂ ਸਾਨੂੰ ਇਸ ਗੱਲ ਬਾਬਤ ਬਿਲਕੁਲ ਸਪੱਸ਼ਟ ਹੋ ਜਾਣਾ ਚਾਹੀਦਾ ਹੈ ਕਿ ਕੌਮਾਂ ਦੀ ਉਸਾਰੀ ਦੀ ਗੱਲ ਕਿਸੇ ਤਰ੍ਹਾਂ ਦੇਸ ਦੀ ਏਕਤਾ ਅਤੇ ਅਖੰਡਤਾ ਲਈ ਖਤਰਾ ਹੈ। ਇਹ ਸਗੋਂ ਹਕੀਕੀ ਢੰਗ ਦੇ ਫੈਡਰਲ ਢਾਂਚੇ ਦੀ ਕਾਇਮੀ ਲਈ ਬੁਨਿਆਦੀ ਗੱਲ ਹੈ। ਭਾਰਤ ਦੇ ਬਹੁਕੌਮੀ ਸਰੂਪ ਨੂੰ ਸਵੀਕਾਰਨ ਨਾਲ ਹੀ ਇਥੇ ਰਹਿੰਦੀਆਂ ਵੱਖ ਵੱਖ ਕੌਮਾਂ ਦੇ ਸਹੀ ਅਰਥਾਂ ਵਿਚ ਆਜ਼ਾਦ ਹੋਣ ਅਤੇ ਵਧਣ ਫੁੱਲਣ ਦੇ ਮੌਕੇ ਪ੍ਰਦਾਨ ਕੀਤੇ ਜਾ ਸਕਦੇ ਹਨ। ਇਸ ਲਈ ਪੰਜਾਬੀ ਕੌਮ ਦੇ ਸੁਆਲ ਨੂੰ ਸਵੀਕਾਰਨਾ ਭਵਿੱਖ ਦੇ ਪੰਜਾਬੀ ਬੰਦੇ ਦੇ ਭਵਿਖ ਨਾਲ ਜੁੜਿਆ ਪਹਿਲਾ ਕਦਮ ਹੈ। ਇਸ ਤੋਂ ਬਾਅਦ ਹੀ ਉਸਦੀ ਜਾਤੀ, ਜਮਾਤੀ ਅਤੇ ਘੱਟ ਗਿਣਤੀਆਂ ਦੀ ਗੱਲ ਨੂੰ ਸਹੀ ਅਰਥਾਂ ਵਿਚ ਨਜਿੱਠਿਆ ਜਾ ਸਕਦਾ ਹੈ। ਟੀਚਿਆਂ ਦੀ ਪ੍ਰਾਪਤੀ ਪੜਾਅ ਵਾਰ ਹੀ ਹੋ ਸਕਦੀ ਹੈ। ਸਿਖਰਲੇ ਡੰਡੇ 'ਤੇ ਪਹੁੰਚਣ ਲਈ ਪਹਿਲੇ ਡੰਡੇ 'ਤੇ ਪੈਰ ਰੱਖਣਾ ਪਹਿਲੀ ਜਰੂਰਤ ਹੈ।

ਇਸ ਤੋਂ ਅਗਲਾ ਸਵਾਲ ਹੈ ਪੰਜਾਬੀ ਕੌਮ ਦੀ ਉਸਾਰੀ ਲਈ ਭੂਗੋਲਿਕ ਖਿੱਤਾ ਕਿਸ ਨੂੰ ਨਿਸ਼ਚਿਤ ਕੀਤਾ ਜਾਵੇ। ਚੜ੍ਹਦਾ ਪੰਜਾਬ, ਲਹਿੰਦਾ ਪੰਜਾਬ ਜਾਂ ਪ੍ਰਦੇਸੀ ਵਸਦਾ ਪੰਜਾਬ। ਇਹ ਗੱਲ ਸਪੱਸ਼ਟ ਹੋ ਜਾਣੀ ਚਾਹੀਦੀ ਹੈ ਕਿ ਇਹ ਖਿੱਤਾ ਚੜ੍ਹਦੇ ਪੰਜਾਬ ਦੇ 50362 ਵਰਗ ਕਿਲੋਮੀਟਰ ਵਿਚ ਫੈਲੇ 12342 ਪਿੰਡਾਂ ਅਤੇ 134

ਸ਼ਹਿਰਾਂ/ਕਸਬਿਆਂ ਤੱਕ ਹੀ ਸੀਮਤ ਨਹੀਂ ਹੈ। ਨਾਂ ਹੀ ਇਹ ਲਹਿੰਦੇ ਪੰਜਾਬ ਦੀ ਸੰਤਾਲੀ ਦੀ ਵੰਡ ਸਮੇਂ ਹਿੱਸੇ ਆਏ 13 ਜਿਲ੍ਹਿਆਂ ਦਾ ਨਾਮ ਹੈ। ਚੜ੍ਹਦੇ ਅਤੇ ਲਹਿੰਦੇ ਪੰਜਾਬ ਦਾ ਇਹ ਖਿੱਤਾ ਤਾਂ ਇਸ ਕੌਮ ਦਾ ਕੇਂਦਰੀ ਖਿੱਤਾ ਹੈ। ਭਾਰਤ ਦੇ ਵੱਖ ਵੱਖ ਸੂਬਿਆਂ ਅਤੇ ਸੰਸਾਰ ਭਰ ਵਿਚ ਫੈਲੇ ਪੰਜਾਬੀ ਇਸ ਕੇਂਦਰੀ ਖਿੱਤੇ ਨਾਲ ਅਟੁੱਟ ਮਾਲਾ ਵਿਚ ਪਰੋਏ ਹੋਏ ਹਨ। ਮੌਜੂਦਾ ਪੰਜਾਬੀ ਕੌਮ ਇਕ ਪਾਰ-ਰਾਸ਼ਟਰੀ ਕੌਮ ਹੈ। ਪਰ ਚੜ੍ਹਦੇ ਅਤੇ ਲਹਿੰਦੇ ਪੰਜਾਬ ਦਾ ਉਪਰੋਕਤ ਖਿੱਤਾ ਉਸਦੀ ਅਸਲ ਧਰਤ ਹੈ। ਪੰਜਾਬ ਦੀ ਵੰਡ ਇਕ ਹਕੀਕੀ ਸਚਾਈ ਹੈ। ਰਾਜਨੀਤਕ ਸਰਹੱਦਾਂ ਅੱਜ ਦਾ ਸੱਚ ਹਨ। ਇਹਨਾਂ ਸਰਹੱਦਾਂ ਨੂੰ ਉਸਰੀਆਂ ਰਹਿਣ ਦਿਓ। ਪਰ ਵਾਹਗੇ ਅਤੇ ਹੁਸੈਨੀਵਾਲਾ ਦੇ ਰਸਤਿਓਂ ਮਿੱਠੇ ਸੰਦੇਸ਼ੇ ਲਿਆਉਂਦੀਆਂ ਹਵਾਵਾਂ ਨੂੰ ਜਬਰਨ ਨਾ ਰੋਕੋ। ਆਪਸੀ ਸਾਂਝ ਨੂੰ ਸਿਆਸਤ ਦੀ ਬਿਸਾਤ ਤੇ ਨਾ ਵਾਰੋ। ਜੱਫੀਆਂ ਪੈਂਦੀਆਂ ਹਨ ਤਾਂ ਪੈਣ ਦਿਓ। ਇਹਨਾਂ ਜੱਫੀਆਂ ਦੀ ਤਾਕਤ ਨਾਲ ਇਹ ਖਿੱਤਾ ਮਜਬੂਤ ਬਣਦਾ ਹੈ ਤਾਂ ਇਸ ਨਾਲ ਮੋੜਵੇਂ ਰੂਪ ਵਿਚ ਭਾਰਤ ਅਤੇ ਪਾਕਿਸਤਾਨ ਹੀ ਤਾਕਤਵਰ ਬਣਨਗੇ। ਇਹ ਦੇਸ ਤਾਕਤਵਰ ਬਣਨਗੇ ਤਾਂ ਸੰਸਾਰੀਕਰਨ ਦਾ ਸੁਹਾਗਾ ਇਨ੍ਹਾਂ ਨੂੰ ਓਵੇਂ ਮਲੀਆਮੇਟ ਨਹੀਂ ਕਰ ਸਕੇਗਾ ਜਿਵੇਂ ਕਿ ਅੱਜ ਕਰ ਰਿਹਾ ਹੈ।

ਅਜੋਕੇ ਸੰਸਾਰੀਕਰਨ ਦੇ ਵਰਤਾਰਿਆਂ ਦੇ ਚਲਦਿਆਂ ਜਦ ਕੌਮਾਂ ਦੀ ਆਪਣੀ ਭਾਸ਼ਾ ਦੀ ਗੱਲ ਕੀਤੀ ਜਾਂਦੀ ਹੈ ਤਾਂ ਕਈ ਵਾਰ ਬੜੀਆਂ ਹਾਸੋਹੀਣੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ। ਸੁੱਖ ਰਹਿਣੀ ਸ਼ਹਿਰੀ ਮੱਧ ਸ਼੍ਰੇਣੀ ਹੱਸ ਕੇ ਕਹਿੰਦੀ ਹੈ ਕਿ "ਜਦ ਇੰਟਰਨੈੱਟ ਅਤੇ ਅੰਗ੍ਰੇਜ਼ੀ ਵਿਚ ਸਾਰੇ ਸੰਸਾਰ ਦਾ ਗਿਆਨ ਪ੍ਰਾਪਤ ਹੈ ਤਾਂ ਕਿਉਂ ਨਾ ਇਹ ਭਾਸ਼ਾ ਸਿੱਖ ਕੇ ਨਵੇਂ ਉੱਸਰ ਰਹੇ ਸੰਸਾਰ ਦੇ ਹਾਣੀ ਬਣਿਆ ਜਾਵੇ ? ਪੰਜਾਬੀ ਭਾਸ਼ਾ ਨੇ ਜਦ ਬੰਦੇ ਨੂੰ ਰਾਜਪੁਰੇ ਤੋਂ ਅਗੇ ਨਹੀਂ ਪਹੁੰਚਾਉਣਾ ਤਾਂ ਕਿਉਂ ਨਾ ਇਸਦਾ ਲੜ ਛੱਡ ਦਿੱਤਾ ਜਾਵੇ ? ਵਾਹਗੇ ਵਾਲੀ ਸਰਹੱਦ 'ਤੇ ਅਸੀਂ ਕਦੋਂ ਸੰਗੀਨਾਂ ਤਾਣ ਲੈਣੀਆਂ ਹਨ ਕੋਈ ਪਤਾ ਲਗਦਾ ਹੈ। ਰੋਜੀ-ਰੋਟੀ ਪਹਿਲਾ ਮਸਲਾ ਹੈ ਜੀ, ਕੌਮੀ ਉਸਾਰੀ ਬਾਰੇ ਚੰਗੀ ਤਰ੍ਹਾਂ ਸੈਟਲ ਹੋ ਕੇ ਸੋਚਾਂਗੇ।"

ਕਹਿਣ ਨੂੰ ਇਹ ਭਾਵੇਂ ਸਧਾਰਨ ਗੱਲਾਂ ਜਾਪਣ ਅਤੇ ਇਨ੍ਹਾਂ ਨੂੰ ਸੁਣਨ ਲਈ ਸਾਡੇ ਕੰਨ ਵੀ ਆਦੀ ਹੋ ਗਏ ਹਨ ਪਰ ਇਸ ਸਭ ਦੇ ਪ੍ਰਭਾਵ ਬਹੁਤ ਦੂਰਦਰਸ਼ੀ ਹਨ। ਇਹ ਗੱਲਾਂ ਪੰਜਾਬੀ ਬੰਦੇ ਦੇ ਜਿਹਨ ਅੰਦਰਲੇ ਉਸ ਪਾੜ ਵਿਚੋਂ ਨਿਕਲਦੀਆਂ ਹਨ ਜਿਹੜਾ ਉਸ ਅੰਦਰ ਪਿਛਲੇ ਹਜਾਰ ਸਾਲ ਤੋਂ ਉੱਪਰ ਦੀ ਗੁਲਾਮੀ ਕਾਰਣ ਪੈਂਦਾ ਹੋਇਆ ਹੈ। ਇਸ ਵਿਚ ਇਸ ਬੰਦੇ ਦਾ ਸਾਰਾ ਵਿਕਾਸ ਸਹਿਜ ਰੂਪ ਵਿਚ ਹੋਣ ਦੀ ਬਜਾਇ ਧੱਕੇ ਜੋਰੀ ਦੇ ਦਬਾਅ ਹੇਠ ਹੋਇਆ ਹੈ। ਇਸ ਦਬਾਅ ਦੀ ਸਥਿਤੀ ਕਾਰਨ ਹੀ ਉਸਦਾ ਕੁਦਰਤ ਅਤੇ ਚੌਗਿਰਦੇ ਨਾਲ ਸਹਿਜ ਸੰਤੁਲਨ ਟੁੱਟ ਕੇ ਮਸ਼ੀਨੀ ਅਤੇ ਲੁਟੇਰਾ ਸੰਬੰਧ ਉੱਸਰਿਆ ਹੈ। ਉਸਦੀ ਸਿਰਜਣਾਤਮਿਕ ਸ਼ਕਤੀ ਵਿਚ ਵੱਡੇ ਵੱਡੇ ਸੁਰਾਖ ਹੋ ਗਏ ਹਨ। ਉਹ ਸਭ ਵਰਤਾਰਿਆਂ ਵਿਚ ਪਿੱਛਲੱਗ ਅਤੇ ਨਕਲਚੂ ਬਣ ਕੇ ਪਿੱਛਲਖੁਰੀ ਭੱਜਣ ਲੱਗ ਪਿਆ ਹੈ। 'ਜਾਨ ਦੇਸਾਂ ਪੰਜਾਬ ਨਾ ਦੇਸਾਂ' ਵਾਲੀ ਦੁੱਲੇ ਭੱਟੀ ਦੀ ਰੂਹ ਕਿਤੇ ਉਸ ਦੇ ਅੰਦਰੇ ਦਫ਼ਨ ਹੋ ਗਈ ਹੈ। ਅਜਿਹੇ ਬੰਦੇ ਦੇ ਕਮਜ਼ੋਰ ਮਨ ਨੂੰ ਕਡੀਸ਼ਨਿੰਗ ਕਰਨਾ ਬਹੁਤ ਅਸਾਨ ਹੁੰਦਾ ਹੈ। ਉਹ ਟਕਨੀਕ, ਗਿਆਨ, ਵਿਗਿਆਨ, ਖੇਤੀ, ਸਨਅਤ ਅਤੇ ਪੈਦਾਵਾਰ ਵਿਚ ਸਥਾਨਕ ਜਰੂਰਤਾਂ ਦੀ ਬਜਾਇ ਠੋਸੀਆਂ ਜਰੂਰਤਾਂ ਦਾ ਗੁਲਾਮ ਬਣ ਜਾਂਦਾ ਹੈ। ਉਹ ਵੀ ਉਨ੍ਹਾਂ ਚੈਨਲਾਂ ਵਾਂਗ ਸਥਿਤੀਆਂ ਦੀ ਗ੍ਰਿਫਤ ਵਿਚ ਆ ਜਾਂਦਾ ਹੈ ਜਿਸਦਾ ਰਿਮੋਟ ਕੰਟਰੋਲ ਦੂਜਿਆਂ ਦੇ ਹੱਥ ਹੈ। ਇਸ ਕੰਡੀਸ਼ਨਿੰਗ ਮਨ ਵਿਚ ਸਭ ਕੁਝ ਨੂੰ ਸਹਿਣ ਦਾ ਸੁਭਾਅ ਵਿਕਸਿਤ ਹੁੰਦਾ ਹੈ। ਅੰਦਰਲਾ ਰਜਿਸਟੈਂਸ ਦਾ ਟਾਵਰ ਪੁੱਟਿਆ ਜਾਂਦਾ ਹੈ। ਸਥਾਨਕ ਕਦਰਾਂ-ਕੀਮਤਾਂ ਲਈ ਹੀਣ ਭਾਵਨਾ ਅਤੇ ਪੱਛਮ ਦੇ ਚਰਬੇ ਨੂੰ ਚਾਅ ਨਾਲ ਚੁੱਕਣ ਵਾਲਾ ਬੰਦਾ ਘੜਿਆ ਜਾਂਦਾ ਹੈ। ਇਹ ਬੰਦਾ ਧਰਤੀ 'ਤੇ ਹੋ ਕੇ ਵੀ ਇਥੋਂ ਗੈਰਹਾਜਰ ਹੁੰਦਾ ਹੈ। ਧਰਤੀ ਉਸਦੀ ਮੌਜੂਦਗੀ ਵਿਚ

ਲਾਵਾਰਸ ਬਣਦੀ ਹੈ। ਆਪਣੀ ਮਾਤ ਭੂਮੀ ਲਈ ਦਰਦ ਗੁਆਚਦਾ ਹੈ। ਪੰਜਾਬੀ ਬੰਦਾ ਇਸ ਭੈੜੇ ਵਰਤਾਰੇ ਵਿਚ ਬੜੀ ਤੇਜੀ ਨਾਲ ਗੁਆਚਿਆ ਹੈ।

ਇਸ ਗੁਆਚੇਪਣ ਵਿਚ ਹੀ ਸਾਰੀ ਧਰਤੀ ਡਸਟਬਿੰਨ ਬਣੀ ਹੈ। ਮਿੱਠੇ ਪਾਣੀ ਅਲੋਪ ਹੋ ਰਹੇ ਹਨ। ਹਵਾਵਾਂ ਜ਼ਹਿਰੀਲੇ ਕੈਮੀਕਲਾਂ ਨਾਲ ਭਰ ਰਹੀਆਂ ਹਨ। ਜ਼ਰਖੇਜ਼ ਜ਼ਮੀਨਾਂ ਕੰਕਰੀਟ ਦੇ ਜੰਗਲਾਂ ਵਿਚ ਵੱਟ ਰਹੀਆਂ ਹਨ। ਹਰੀਆਂ ਭਰੀਆਂ ਫਸਲਾਂ ਦੀ ਬਜਾਇ ਅੱਖਾਂ 'ਚ ਰੜਕ ਭਰਨ ਵਾਲੇ ਮਲਟੀਪਲੈਕਸਜ਼ ਉੱਸਰ ਰਹੇ ਹਨ। ਰਿਸ਼ਤਿਆਂ ਅਤੇ ਸਾਂਝਾਂ ਦਾ ਨਿੱਘ ਸੁੰਗੜਿਆ ਹੈ। ਨੇਤਾਸ਼ਾਹੀ, ਅਫ਼ਸਰਸ਼ਾਹੀ ਅਤੇ ਸਰਮਾਏਦਾਰੀ ਦੇ ਭ੍ਰਿਸ਼ਟਤੰਤਰ ਨੇ ਸਭ ਕੁਝ ਨੂੰ ਲਪੇਟੇ ਵਿਚ ਲੈ ਲਿਆ ਹੈ। ਹਰ ਪਾਸੇ ਨਾਪਾਕ ਗੱਠਜੋੜਾਂ ਦੀ ਸਿਆਸਤ ਹੈ। ਬੰਦਾ ਸਭ ਨੂੰ ਮੂਕ ਦਰਸ਼ਕ  ਬਣ ਕੇ ਤੱਕਦਾ ਪਿਆ ਹੈ। ਉਸਦੇ ਕੰਡ 'ਤੇ ਕੀੜੀ ਨਹੀਂ ਤੁਰਦੀ। ਇਹ ਪੰਜਾਬੀ ਬੰਦੇ ਦੀ ਵਿਨਾਸ਼ ਯਾਤਰਾ ਦਾ ਸਫ਼ਰ ਹੈ। ਪੰਜਾਬੀ ਬੰਦਾ ਇਸ ਵਿਨਾਸ਼ ਯਾਤਰਾ 'ਤੇ ਬੜੇ ਤੇਜ ਕਦਮੀਂ ਤੁਰ ਰਿਹਾ ਹੈ। ਉਸਦੇ ਪੈਰ ਪੁੱਟੇ ਗਏ ਹਨ।

ਇਸ ਰੋੜ੍ਹ ਵਰਤਾਰੇ ਨੂੰ ਪੰਜਾਬੀ ਬੰਦੇ ਅੰਦਰ ਪੰਜਾਬੀ ਕੌਮ ਦਾ ਸੁੱਤਾ ਸੁਆਲ ਜਗਾ ਕੇ ਹੀ ਠੱਲ੍ਹਿਆ ਜਾ ਸਕਦਾ ਹੈ। ਇਸ ਤੋਂ ਬਿਨਾਂ ਇਸ ਧਰਤੀ ਤੋ ਉਪਰਾਮ ਹੋਏ ਬੰਦੇ ਨੇ ਇਸ ਧਰਤੀ ਨਾਲ ਨਹੀਂ ਜੁੜਨਾ। ਇਹ ਜੁੜਨ ਵਿਚ ਹੀ ਉਸਦਾ ਭਲਾ ਹੈ। ਮਨੁੱਖਤਾ ਦਾ ਭਲਾ ਹੈ। ਜੇ ਉਹ ਆਪਣੀ ਬੰਦਖਲਾਸੀ ਲਈ ਓਪਰੀਆਂ ਧਰਤੀਆਂ ਨਾਲ ਜੁੜਨ ਲਈ ਤਰਲੋਮੱਛੀ ਹੋ ਰਿਹਾ ਹੈ ਤਾਂ ਇਹ ਚੂਲੋਂ ਉੱਖੜੇ ਭਗੌੜੇ ਬੰਦੇ ਦੇ ਆਪਣੇ ਬਚਾਅ ਲਈ ਮਾਰੇ ਹੱਥ ਪੈਰ ਹੀ ਹਨ। ਭਗੌੜੇ ਬੰਦੇ ਨੂੰ ਦੂਜੀਆਂ ਧਰਤੀਆਂ ਕਿੰਨੀ ਕੁ ਦੇਰ ਓਟ ਆਸਰਾ ਦੇਂਦੀਆਂ ਰਹਿਣਗੀਆਂ। ਆਖਰ ਕਦੇ ਨਾ ਕਦੇ ਉਸ ਨੂੰ ਆਪਣੀਆਂ ਅਸਲ ਜੜ੍ਹਾਂ ਵੱਲ ਪਰਤਣਾ ਹੀ ਪੈਣਾ ਹੈ। ਜਦ ਪਰਤਣਾ ਹੀ ਪੈਣਾ ਹੈ ਤਾਂ ਕਿਉਂ ਨਾ ਭਗੌੜਿਆਂ ਦੀ ਬਜਾਇ ਸ਼ਾਨਾਮੱਤੇ ਪੰਜਾਬੀਆਂ ਵਾਂਗ ਜਿਉਣ ਦਾ ਫਖਰ ਹਾਸਲ ਕਰੀਏ। ਜੇ ਇਹ ਸਭ ਦੇਰ ਸਵੇਰ ਕਰਨਾ ਹੀ ਹੈ ਤਾਂ ਕਿਉਂ ਨਾ ਅੱਜ ਹੀ ਕੀਤਾ ਜਾਵੇ।  ਜਿੜੀਆਂ ਕੌਮਾਂ ਆਪਣੀ ਧਰਤੀ ਨਾਲ
ਇਕਸੁਰ ਹੁੰਦੀਆਂ ਹਨ ਉਹ ਹੀ ਬਾਹਰਲੇ
ਹਮਲਿਆਂ ਨੂੰ ਝੇਲਣ ਦੇ ਸਮਰੱਥ ਹੁੰਦੀਆਂ ਹਨ। ਜਿਨ੍ਹਾਂ ਕੌਮਾਂ ਦੀ ਸਥਾਨਕਤਾ ਤਕੜੀ ਹੁੰਦੀ ਹੈ ਉਹਨਾਂ ਨੂੰ ਕੋਈ ਚਟਮ ਨਹੀਂ ਕਰ ਸਕਦਾ। ਸੰਸਾਰੀਕਰਨ ਦੇ ਸੁਹਾਗੇ ਅੱਗੇ ਸਿਰਫ ਅਜਿਹੀਆਂ ਕੌਮਾਂ ਹੀ ਵਿਰੋਧ ਦੇ ਬੋਲ ਪ੍ਰਚੰਡ ਕਰ ਸਕਦੀਆਂ ਹਨ। ਫਿਰ ਕਿਉਂ ਨਾ ਅਜਿਹੀ ਪੰਜਾਬੀ ਕੌਮ ਦੀ ਉਸਾਰੀ ਲਈ ਅਮਲੀ ਕੰਮ ਆਰੰਭਿਆ ਜਾਵੇ ? ਪੰਜਾਬ ਅਤੇ ਪੰਜਾਬੀ ਬੰਦੇ ਦਾ ਭਵਿਖ ਪੰਜਾਬੀ ਕੌਮ ਦੀ ਉਸਾਰੀ ਦੇ ਰਸਤਿਓਂ ਤੁਰ ਕੇ ਹੀ ਸੁਰੱਖਿਅਤ ਹੋਣਾ ਹੈ।